# ਰਜਿਸਟਰਡ ਸਿੱਖਿਆ ਬੱਚਤ ਯੋਜਨਾਵਾਂ ਜਾਂਚ ਸੂਚੀ

**ਰਜਿਸਟਰਡ ਸਿੱਖਿਆ ਬੱਚਤ ਯੋਜਨਾਵਾਂ (RESPs) ਪੋਸਟ-ਸਕੈਂਡਰੀ ਸਿੱਖਿਆ ਦੇ ਲਈ ਪੈਸੇ ਬਚਾਉਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੋ ਸਕਦਾ ਹੈ, ਪਰੰਤੂ ਵੱਖਰੀਆਂ ਯੋਜਨਾਵਾਂ ਦੀਆਂ ਵੱਖਰੀਆਂ ਸੁਵਿਧਾਵਾਂ, ਜੋਖਮ ਅਤੇ ਖਰਚ ਹੁੰਦੇ ਹਨ। ਨਿਵੇਸ਼ ਕਰਨ ਤੋਂ ਪਹਿਲਾਂ ਇਹਨਾਂ ਜ਼ਰੂਰੀ ਗੱਲਾਂ ਦਾ ਪਤਾ ਲਗਾਓ।**

| | ਹਾਂ | ਨਹੀਂ |
|---|---|---|
| **1. ਕੀ ਤੁਸੀਂ ਵੱਖ-ਵੱਖ ਕਿਸਮਾਂ ਦੀ RESPs ਦੀ ਤੁਲਨਾ ਕੀਤੀ ਹੈ?**<br>ਵੱਖ-ਵੱਖ ਕਿਸਮਾਂ ਦੀਆਂ ਯੋਜਨਾਵਾਂ (ਵਿਅਕਤੀਗਤ, ਪਰਿਵਾਰਕ ਅਤੇ ਸਮੂਹਕ ਯੋਜਨਾਵਾਂ) ਬੈਂਕਾਂ, ਕ੍ਰੈਡਿਟ ਸੰਘਾਂ, ਮਿਊਚਲ ਫੰਡ ਕੰਪਨੀਆਂ, ਨਿਵੇਸ਼ ਵਿਕ੍ਰੇਤਾਵਾਂ ਜਾਂ ਵਜੀਫਾ ਯੋਜਨਾ ਵਿਕ੍ਰੇਤਾਵਾਂ ਦੇ ਕੋਲ ਉਪਲਬਧ ਹਨ। ਵਚਨਬੱਧ ਹੋਣ ਤੋਂ ਪਹਿਲਾਂ, ਯਕੀਨੀ ਹੋਵੋ ਕਿ ਤੁਸੀਂ ਆਪਣੇ ਸਾਰੇ ਵਿਕਲਪਾਂ ਨੂੰ ਸਮਝਦੇ ਹੋ। ਜੇਕਰ ਤੁਸੀਂ ਵਜੀਫਾ ਯੋਜਨਾ ਵਿਕ੍ਰੇਤਾ ਦੁਆਰਾ ਪ੍ਰਸਤਾਵਿਤ ਕਿਸੇ ਸਮੂਹਕ RESP ਬਾਰੇ ਵਿਚਾਰ ਕਰ ਰਹੇ ਹੋ, ਤਾਂ ਨਾਮ ਦਰਜ ਕਰਨ ਤੋਂ ਪਹਿਲਾਂ ਸਾਰ ਅੰਸ਼ ਅਤੇ ਸਾਰੇ ਪ੍ਰਗਟੀਕਰਨ ਦਸਤਾਵੇਜ਼ਾਂ ਨੂੰ ਪੜ੍ਹ ਕੇ ਸਮਝ ਲਓ। | ☐ | ☐ |
| **2. ਕੀ ਤੁਸੀਂ ਇਹ ਸਮਝਦੇ ਹੋ ਕਿ ਤੁਹਾਡੇ ਦੁਆਰਾ ਕਿੰਨੀ ਫੀਸ ਅਦਾ ਕੀਤੀ ਜਾਣੀ ਹੈ, ਅਤੇ ਕਦੋਂ ਕੀਤੀ ਜਾਣੀ ਹੈ?**<br>ਹੋ ਸਕਦਾ ਹੈ ਕਿ ਤੁਹਾਨੂੰ ਯੋਜਨਾ ਸ਼ੁਰੂ ਕਰਨ ਤੋਂ ਲੈ ਕੇ ਤੱਦ ਤੱਕ ਵਿਕਰੀ ਫੀਸ ਸਮੇਤ ਹੋਰ ਖਰਚ ਅਦਾ ਕਰਨੇ ਪੈਣ ਜੱਦ ਤੱਕ ਤੁਸੀਂ ਯੋਜਨਾ ਦਾ ਹਿੱਸਾ ਹੋ। ਨਾਮ ਦਰਜ ਕਰਨ ਤੋਂ ਪਹਿਲਾਂ ਫੀਸ ਨੂੰ ਜਾਣ ਲਓ। | ☐ | ☐ |
| **3. ਕੀ ਤੁਹਾਨੂੰ ਪਤਾ ਹੈ ਕਿ ਕਿਹੜੇ ਨਿਵੇਸ਼ ਵਿਕਲਪ ਉਪਲਬਧ ਹਨ?**<br>ਪਤਾ ਕਰੋ ਕਿ ਯੋਜਨਾ ਕਿਸ ਕਿਸਮ ਦੇ ਨਿਵੇਸ਼ਾਂ ਵਿੱਚ ਨਿਵੇਸ਼ ਕਰਦੀ ਹੈ ਕਿਉਂਕਿ ਕੁਝ ਨਿਵੇਸ਼ਾਂ ਵਿੱਚ ਦੂਸਰਿਆਂ ਤੋਂ ਵੱਧ ਜੋਖਮ ਹੁੰਦਾ ਹੈ। | ☐ | ☐ |
| **4. ਕੀ ਤੁਹਾਨੂੰ ਨਿਯਮਤ ਯੋਗਦਾਨ ਕਰਨੇ ਪੈਣਗੇ?**<br>ਕੀ ਹੋਵੇਗਾ ਜੇਕਰ ਤੁਸੀਂ ਕੋਈ ਯੋਗਦਾਨ ਭੁੱਲ ਜਾਓ? ਜ਼ਿਆਦਾਤਰ ਯੋਜਨਾਵਾਂ ਤੁਹਾਨੂੰ ਇਹ ਫੈਸਲਾ ਲੈਣ ਦਿੰਦੀਆਂ ਹਨ ਕਿ ਸਲਾਨਾ ਅਤੇ ਜੀਵਨ ਭਰ ਦੀਆਂ ਸੀਮਾਵਾਂ ਤੱਕ, ਕਦੋਂ ਅਤੇ ਕਿੰਨਾ ਯੋਗਦਾਨ ਕਰਨਾ ਹੈ। ਕੁਝ ਯੋਜਨਾਵਾਂ (ਜਿਵੇਂ ਕਿ ਸਮੂਹਕ ਯੋਜਨਾਵਾਂ) ਵਿੱਚ ਤੁਹਾਨੂੰ ਇੱਕ ਨਿਰਧਾਰਤ ਅਨੁਸੂਚੀ ਦੇ ਅਨੁਸਾਰ ਯੋਗਦਾਨ ਕਰਨ ਦੀ ਜ਼ਰੂਰਤ ਹੁੰਦੀ ਹੈ। ਇਸ ਮਾਮਲੇ ਵਿੱਚ, ਜੇਕਰ ਤੁਸੀਂ ਕੋਈ ਭੁਗਤਾਨ ਕਰਨਾ ਭੁੱਲ ਜਾਂਦੇ ਹੋ, ਤਾਂ ਤੁਹਾਡੀ ਯੋਜਨਾ ਰੱਦ ਕੀਤੀ ਜਾ ਸਕਦੀ ਹੈ ਅਤੇ ਤੁਸੀਂ ਆਪਣੀ ਆਮਦਨੀ ਗੁਆ ਸਕਦੇ ਹੋ। ਤੁਸੀਂ ਦਿੱਤੀ ਜਾ ਚੁੱਕੀ ਫੀਸ ਦੀ ਰਕਮ ਦੀ ਕਟੌਤੀ ਤੋਂ ਬਾਅਦ, ਆਪਣੇ ਯੋਗਦਾਨ ਵਾਪਸ ਪ੍ਰਾਪਤ ਕਰੋਗੇ। | ☐ | ☐ |
| **5. ਕੀ ਤੁਸੀਂ ਇਸ ਬਾਰੇ ਵਿਚਾਰ ਕੀਤਾ ਹੈ ਕਿ ਕਿਸ ਕਿਸਮ ਦੇ ਪੋਸਟ-ਸਕੈਂਡਰੀ ਪ੍ਰੋਗਰਾਮ ਯੋਗਤਾ ਪ੍ਰਾਪਤ ਕਰਦੇ ਹਨ?**<br>ਕੁਝ ਯੋਜਨਾਵਾਂ ਵਿੱਚ ਅਜਿਹੇ ਨਿਯਮ ਹੁੰਦੇ ਹਨ ਜੋ ਸਰਕਾਰ ਦੇ ਨਿਯਮਾਂ ਤੋਂ ਵੱਧ ਸੱਖਤ ਹੁੰਦੇ ਹਨ ਜਿਹਨਾਂ 'ਤੇ ਪੋਸਟ-ਸਕੈਂਡਰੀ ਪ੍ਰੋਗਰਾਮ ਯੋਗਤਾ ਪ੍ਰਾਪਤ ਕਰਦੇ ਹਨ। ਕਾਲਜਾਂ, ਵਿਸ਼ਵਵਿਦਾਲਾਂ, ਟ੍ਰੇਡ ਸਕੂਲਾਂ, CEGEPs ਅਤੇ ਹੋਰ ਪ੍ਰਮਾਣਤ ਸੰਸਥਾਨਾਂ ਦੁਆਰਾ ਪ੍ਰਸਤਾਵਤ ਪ੍ਰੋਗਰਾਮ ਸਰਕਾਰੀ ਨਿਯਮਾਂ ਦੇ ਤਹਿਤ RESP ਦੇ ਲਈ ਯੋਗ ਹਨ। ਹੋਰ ਜਾਣਕਾਰੀ ਦੇ ਲਈ, **www.canada.ca** 'ਤੇ ਜਾਓ। | ☐ | ☐ |

| | ਹਾਂ | ਨਹੀਂ |
|---|---|---|
| **6. ਕੀ ਤੁਸੀਂ ਜਾਣਦੇ ਹੋ ਕਿ ਤੁਸੀਂ ਯੋਜਨਾ ਤੋਂ ਭੁਗਤਾਨ ਕਦੋਂ ਅਤੇ ਕਿਸ ਤਰ੍ਹਾਂ ਪ੍ਰਾਪਤ ਕਰੋਗੇ?**<br>ਆਪਣੀ ਯੋਜਨਾ ਤੋਂ ਭੁਗਤਾਨ ਪ੍ਰਾਪਤ ਕਰਨ ਦੇ ਲਈ, ਵਿਦਿਆਰਥੀਆਂ ਨੂੰ ਆਪਣੇ ਯੋਜਨਾ ਪ੍ਰਦਾਤਾ ਨੂੰ ਯੋਗ ਪ੍ਰੋਗਰਾਮ ਵਿੱਚ ਦਾਖਲੇ ਦਾ ਸਬੂਤ ਦਿਖਾਉਣਾ ਹੋਵੇਗਾ, ਕਈ ਵਾਰ ਨਿਰਧਾਰਤ ਸਮੇਂ ਸੀਮਾ ਦੇ ਅੰਦਰ। ਕੁਝ ਯੋਜਨਾਵਾਂ ਨਿਰਧਾਰਤ ਅਨੁਸੂਚੀ ‘ਤੇ ਭੁਗਤਾਨ ਕਰਦੀਆਂ ਹਨ, ਜਦਕਿ ਕਈ ਤੁਹਾਨੂੰ ਫੈਸਲਾ ਕਰਨ ਦਿੰਦੀਆਂ ਹਨ। ਕੁਝ ਯੋਜਨਾਵਾਂ ਤੱਦ ਤੱਕ ਆਮਦਨੀ ਦਾ ਭੁਗਤਾਨ ਨਹੀਂ ਕਰਦੀਆਂ ਜੱਦ ਤੱਕ ਕੋਈ ਵਿਦਿਆਰਥੀ ਪ੍ਰੋਗਰਾਮ ਦੇ ਦੂਸਰੇ ਸਾਲ ਦੀ ਸ਼ੁਰੂਆਤ ਨਹੀਂ ਕਰਦਾ। | ☐ | ☐ |
| **7. ਕੀ ਤੁਸੀਂ ਜਾਣਦੇ ਹੋ ਕਿ ਕੀ ਹੋਵੇਗਾ ਜੇਕਰ ਤੁਹਾਡਾ ਲਾਭਪਾਤਰ ਸਕੈਂਡਰੀ ਸਕੂਲ ਦੇ ਬਾਅਦ ਆਪਣੀ ਸਿੱਖਿਆ ਜਾਰੀ ਨਹੀਂ ਰੱਖਦਾ?**<br>ਫ਼ੀਸ ਦੀ ਕਟੌਤੀ ਤੋਂ ਬਾਅਦ ਤੁਸੀਂ ਆਪਣਾ ਯੋਗਦਾਨ ਵਾਪਸ ਪਾਓਗੇ. ਕੁਝ ਮਾਮਲਿਆਂ ਵਿੱਚ, ਤੁਸੀਂ ਆਪਣੀ ਆਮਦਨ ਕਮਾਓਗੇ, ਪਰ ਕੁਝ ਯੋਜਨਾਵਾਂ ਇਸ ਆਮਦਨ ਨੂੰ ਰੱਖ ਸਕਦੀਆਂ ਹਨ ਅਤੇ ਦੂਜੀਆਂ ਮੈਂਬਰਾਂ ਨਾਲ ਇਸ ਨੂੰ ਸਾਂਝਾ ਕਰ ਸਕਦੀਆਂ ਹਨ. ਤੁਸੀਂ ਕਿਸੇ ਹੋਰ ਰਜਿਸਟਰਡ ਪਲਾਨ ਜਿਵੇਂ ਕਿ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਵਿੱਚ ਆਰ.ਆਰ.ਐੱਸ.ਪੀ. ਨੂੰ ਫੰਡ ਟ੍ਰਾਂਸਫਰ ਕਰਨ ਦੇ ਯੋਗ ਹੋ ਸਕਦੇ ਹੋ, ਜੇ ਤੁਹਾਡੇ ਕੋਲ ਯੋਗਦਾਨ ਦਾ ਇਕ ਅੰਕ ਹੈ | ☐ | ☐ |
| **8. ਕੀ ਤੁਸੀਂ ਜਾਣਦੇ ਹੋ ਕਿ ਕੀ ਹੋਵੇਗਾ ਜੇਕਰ ਤੁਸੀਂ ਯੋਜਨਾ ਨੂੰ ਰੱਦ ਕਰਨਾ ਚਾਹੁੰਦੇ ਹੋ ਜਾਂ ਕਿਸੇ ਹੋਰ ਯੋਜਨਾ ਵਿੱਚ ਤਬਦੀਲ ਹੋਣਾ ਚਾਹੁੰਦੇ ਹੋ? ਕੀ ਆਪਣਾ ਪੈਸਾ ਪ੍ਰਾਪਤ ਕਰਨਾ ਅਸਾਨ ਹੈ? ਕੀ ਤੁਹਾਨੂੰ ਆਪਣੀ ਆਮਦਨੀ ਜੁਰਮਾਨੇ ਦੇ ਤੌਰ ‘ਤੇ ਦੇਣੀ ਹੋਵੇਗੀ?**<br>ਸਮੂਹਕ ਵਜੀਫੇ ਯੋਜਨਾਵਾਂ ਲਈ, ਤੁਸੀਂ ਯੋਜਨਾ ਨੂੰ ਆਵੇਦਨ ਹਸਤਾਖਰ ਕਰਨ ਦੇ 60 ਦਿਨਾਂ ਦੇ ਅੰਦਰ ਬਿਨਾਂ ਕਿਸੇ ਖਰਚ ਦੇ ਰੱਦ ਕਰ ਸਕਦੇ ਹੋ। ਯੋਜਨਾ ਸੂਚੀਪੱਤਰ ਵਿੱਚ ਦਿੱਤੇ ਗਏ ਯੋਜਨਾ ਸਾਰ ਅੰਸ਼ ਵਿੱਚ ਦੱਸੇ ਗਏ ਨਿਯਮਾਂ ਨੂੰ ਪੜ੍ਹਨਾ ਅਤੇ ਸਮਝਣਾ ਯਕੀਨੀ ਕਰੋ। ਇਸ ਸੰਬੰਧ ਵਿੱਚ ਹਮੇਸ਼ਾ ਪ੍ਰਸ਼ਨ ਪੁੱਛੋ ਕਿ ਕੀ ਹੋਵੇਗਾ ਜੇਕਰ ਤੁਸੀਂ ਕਿਸੇ ਯੋਜਨਾ ਦੇ ਲਈ ਨਾਮ ਦਰਜ ਕਰਨ ਤੋਂ ਪਹਿਲਾਂ ਹੀ ਰੱਦ ਕਰ ਦਿੰਦੇ ਹੋ। | ☐ | ☐ |

ਨਿਵੇਸ਼ ਕਰਨ ਤੋਂ ਪਹਿਲਾਂ, **CheckBeforeYouInvest.ca** ‘ਤੇ ਉਸ ਵਿਅਕਤੀ ਜਾਂ ਉਹਨਾਂ ਦੀ ਫਰਮ ਦੇ ਪੰਜੀਕਰਨ ਦੀ ਜਾਂਚ ਕਰੋ

**GetSmarterAboutMoney.ca** ‘ਤੇ RESPs ਬਾਰੇ ਹੋਰ ਜਾਣੋ।

### ਜੇਕਰ ਤੁਸੀਂ ਆਪਣਾ ਮਨ ਬਦਲਦੇ ਹੋ:

ਵਜੀਫਾ ਯੋਜਨਾ ਵਿਕ੍ਰੇਤਾ ਦੁਆਰਾ ਪੇਸ਼ ਕੀਤੀਆਂ ਸਾਰੀਆਂ ਯੋਜਨਾਵਾਂ ਦੇ ਲਈ (ਸਮੂਹਕ ਯੋਜਨਾਵਾਂ ਸਮੇਤ), ਤੁਹਾਡੇ ਕੋਲ ਆਪਣਾ ਮਨ ਬਦਲਣ ‘ਤੇ ਆਪਣੇ ਇਕਰਾਰਨਾਮੇ ‘ਤੇ ਹਸਤਾਖਰ ਕਰਨ ਦੇ 60 ਦਿਨਾਂ ਦੇ ਅੰਦਰ ਆਪਣੇ ਸਾਰੇ ਪੈਸੇ ਕਢਵਾਉਣ ਦਾ ਅਧਿਕਾਰ ਹੈ। 60 ਦਿਨਾਂ ਤੋਂ ਬਾਅਦ, ਤੁਸੀਂ ਦਿੱਤੀ ਜਾ ਚੁੱਕੀ ਫੀਸ ਦੀ ਰਕਮ ਦੀ ਕਟੌਤੀ ਤੋਂ ਬਾਅਦ ਆਪਣੇ ਪੈਸੇ ਨੂੰ ਵਾਪਸ ਪ੍ਰਾਪਤ ਕਰ ਸਕਦੇ ਹੋ। ਵਜੀਫਾ ਯੋਜਨਾ ਵਿਕ੍ਰੇਤਾਵਾਂ ਨੂੰ ਇੱਕ ਅਜਿਹਾ ਸੂਚੀਪੱਤਰ ਪ੍ਰਦਾਨ ਕਰਨ ਦੀ ਜ਼ਰੂਰਤ ਹੁੰਦੀ ਹੈ ਜਿਸ ਵਿੱਚ ਤੁਹਾਡੇ ਲਈ ਜ਼ਰੂਰੀ ਜਾਣਕਾਰੀ ਸਮੇਤ ਯੋਜਨਾ ਦਾ ਸਾਰ-ਅੰਸ਼ ਸ਼ਾਮਲ ਹੋਵੇਗਾ। ਨਿਵੇਸ਼ ਕਰਨ ਤੋਂ ਪਹਿਲਾਂ ਇਸ ਦਸਤਾਵੇਜ਼ ਨੂੰ ਪੜ੍ਹਨਾ ਅਤੇ ਸਮਝਣਾ ਯਕੀਨੀ ਕਰੋ।

**Ontario Securities Commission**
20 Queen St. W., 22nd Floor, Toronto, Ontario M5H 3S8
**Tel**: 1-877-785-1555 **Email**: inquiries@osc.gov.on.ca
GetSmarterAboutMoney
@smarter_money
GetSmarterAboutMoney.ca

OSC ONTARIO SECURITIES COMMISSION

Get Smarter About Money.ca

Ontario